# ਪੰਜਾਬ ਸਕੂਲ ਸਿੱਖਿਆ ਬੋਰਡ
## ਨੋਟੀਫਿਕੇਸ਼ਨ

ਨੋਟੀ: ਨੰ:312-ਪਸਸਬ-5ਅਸ-ਅਮਲਾ-2018/2631 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 7/8/18

ਬੋਰਡ ਦੀ ਇਕੱਤਰਤਾ ਮਿਤੀ 17.11.2016 ਵਿੱਚ ਮੱਦ ਨੰ. 8 (1) ਰਾਹੀਂ ਬੋਰਡ ਤੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪੀ.ਪੀ.-3 ਸ਼ਾਖਾ ਦਾ ਪੱਤਰ ਨੰ. 6/51/2009-1ਪੀਪੀ3/840794/1-3 ਮਿਤੀ 15.09.2016 (ਅਨੁਲੱਗ 'ੳ' ਪੰਨਾ ਨੰ. 1 ਤੋਂ 5) ਅਤੇ Excise and Taxation Department, Excise and Taxation Bhawan, Sector-69, Mohali ਵਲੋਂ ਜਾਰੀ ਪੱਤਰ ਨੰ. 503-1098 ਮਿਤੀ 12.06.2018 (ਅਨੁਲੱਗ 'ਅ' ਪੰਨਾ ਨੰ. 6 ਤੋਂ 7) ਬੋਰਡ ਦਫਤਰ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
19-07-2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2018/2632 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 7/8/18

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ, ਜਨਰਲ/ ਪ੍ਰੀਖਿਆਵਾਂ;
3) ਉਪ ਕੰਟਰੋਲਰ, ਲੋਕਲ ਆਡਿਟ;
4) ਸਮੂਹ ਸ਼ਾਖਾ ਮੁੱਖੀ;
5) ਸਹਾਇਕ ਸਕੱਤਰ (ਅਮਲਾ/ ਲੇਖਾ);
6) ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ;
7) ਸਮੂਹ ਪ੍ਰਿੰਸੀਪਲ, ਆਦਰਸ਼ ਸਕੂਲ;
8) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

7/8/18
ਸੁਪਰਡੰਟ (ਅਮਲਾ-5)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ, ਪੰਜਾਬ।

ਮਿਤੀ, ਚੰਡੀਗੜ੍ਹ: 15-9-2016

ਵਿਸ਼ਾ: ਭਾਰਤ ਸਰਕਾਰ ਦੇ ਪੈਟਰਨ ਤੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦੀਆਂ ਸਹੂਲਤਾਂ ਦੇਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 6/51/2009-6ਪੀ.ਪੀ.3/1617, ਮਿਤੀ 03.12.2010 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਗ੍ਰੇਡ ਪੇ ਅਨੁਸਾਰ 5 ਕੈਟੇਗਰੀਆਂ ਵਿੱਚ ਹੇਠ ਅਨੁਸਾਰ ਵੰਡਦੇ ਹੋਏ ਐਲ.ਟੀ.ਸੀ. ਦੀਆਂ ਸਹੂਲਤਾਂ ਨੂੰ ਸੋਧਣ ਦਾ ਫੈਸਲਾ ਕੀਤਾ ਹੈ :-

| ਕੈਟਾਗਰੀ | ਗਰੇਡ ਪੇ |
|---|---|
| I | ਰੁ: 10,000/- ਅਤੇ ਇਸ ਤੋਂ ਵੱਧ |
| II | ਰੁ: 7600/- ਤੋਂ ਰੁ: 9999/- ਤੱਕ |
| III | ਰੁ: 5400/- ਤੋਂ ਰੁ: 7599/- ਤੱਕ |
| IV | ਰੁ: 3800/- ਤੋਂ ਰੁ: 5399/- ਤੱਕ |
| V | ਰੁ:3800/- ਤੋਂ ਘੱਟ |

ੳ) ਹਵਾਈ ਜਹਾਜ਼ ਰਾਹੀਂ ਸਫਰ

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I &II | ਰੁ: 7600/- ਅਤੇ ਇਸ ਤੋਂ ਵੱਧ | ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਰਾਹੀਂ। |
| III | ਰੁ: 5400/- ਤੋਂ ਰੁ: 7599/- ਤੱਕ | ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਰਾਹੀਂ (ਇਸ ਸ਼ਰਤ ਨਾਲ ਕੀ ਸਫਰ ਦੀ ਦੂਰੀ 500 ਕਿਲੋਮੀਟਰ ਤੋਂ ਵੱਧ ਹੋਵੇਗੀ) |

(ਅ) ਰੇਲ ਰਾਂਹੀ ਸਫ਼ਰ

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ- ਅਨੁਕੂਲ/ ਐਗਜੈਕਟਿਵ ਕਲਾਸ |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ / ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ-2 ਟਾਈਰ ਸਲੀਪਰ। |
| III | ਰੁ: 5400/- ਤੋਂ ਰੁ: 7599/- ਤੱਕ | ਪਹਿਲਾ ਦਰਜਾ/ ਵਾਤਾ- ਅਨੁਕੂਲ ਚੇਅਰਕਾਰ / ਵਾਤਾ-ਅਨੁਕੂਲ-3 ਟਾਈਰ ਸਲੀਪਰ । |
| IV&V | ਰੁ: 5399/- ਅਤੇ ਉਸ ਤੋਂ ਘੱਟ | ਦੂਜਾ ਦਰਜਾ ਸਲੀਪਰ |

ੲ) ਰਾਜਧਾਨੀ ਐਕਸਪ੍ਰੈਸ ਰੇਲ ਰਾਂਹੀ ਸਫਰ

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ-ਅਨੁਕੂਲ/ਐਗਜੈਕਟਿਵ ਕਲਾਸ। |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -2 ਟਾਈਰ ਸਲੀਪਰ |
| III | ਰੁ: 5400/- ਤੋਂ ਰੁ: 7599/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -3 ਟਾਈਰ ਸਲੀਪਰ |

ਸ਼ਤਾਬਦੀ ਐਕਸਪ੍ਰੈਸ ਰੇਲਾਂ ਰਾਂਹੀ ਸਫਰ

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ-ਅਨੁਕੂਲ/ਐਗਜੈਕਟਿਵ ਕਲਾਸ |
| II & III | ਰੁ: 5400/- ਤੋਂ ਰੁ: 9999/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -2 ਟਾਈਰ ਸਲੀਪਰ |

ਨੋਟ:- ਰਾਜਧਾਨੀ/ਸ਼ਤਾਬਦੀ ਰੇਲਾਂ ਰਾਂਹੀ ਸਫਰ ਲਾਗੂ ਹੋਣ ਯੋਗ ਤਾਂ ਹੀ ਹੋਵੇਗਾ ਜੇਕਰ ਅਸਲ ਵਿੱਚ ਇਹਨਾਂ ਰੇਲਾਂ ਰਾਂਹੀ ਸਫਰ ਕੀਤਾ ਹੋਵੇ ਅਤੇ ਹਕੱਦਾਰੀ ਨੂੰ ਨਿਸ਼ਚਿਤ ਕਰਨ ਲਈ ਅਨੁਮਾਨਿਤ ਤੌਰ ਤੇ ਨਹੀ ਗਿਣਿਆ ਜਾਵੇਗਾ।

**(ਸ) ਸੰਮੁਦਰ ਜਾਂ ਦਰਿਆ ਦੁਆਰਾ ਸਟੀਮਰ ਤੇ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਉਚੇ ਤੋਂ ਉਚਾ ਦਰਜਾ |
| II | ਰੁ: 7600/- ਤੋਂ ਰੁ: 9999/- ਤੱਕ | ਜੇਕਰ ਸਟੀਮਰ ਵਿੱਚ ਕੇਵਲ ਦੋ ਦਰਜੇ ਹੀ ਹੋਣ ਤਾਂ ਹੇਠਲੇ ਦਰਜੇ ਤੇ |
| III | ਰੁ: 5400/- ਤੋਂ ਰੁ: 7599/- ਤੱਕ | ਜੇਕਰ ਸਟੀਮਰ ਵਿੱਚ ਤਿੰਨ ਦਰਜੇ ਹੋਣ ਤਾਂ ਦਰਮਿਆਨਾ ਜਾਂ ਦੂਜਾ ਦਰਜਾ ਪਰ ਜੇਕਰ ਚਾਰ ਦਰਜੇ ਹੋਣ ਤਾਂ ਤੀਜਾ ਦਰਜਾ |
| IV&V | ਰੁ: 5399/- ਅਤੇ ਉਸ ਤੋਂ ਘੱਟ | ਸਭ ਤੋ ਨੀਵਾਂ ਦਰਜਾ |

ਮੇਨਲੈਂਡ ਅਤੇ ਅੰਡੇਮਾਨ ਸਫਰ ਵਾਸਤੇ ਦਾ ਹੱਕਦਾਰੀ ਮੇਨਲੈਂਡ ਅਤੇ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂਆਂ ਦੇ ਗਰੁੱਪ ਅਤੇ ਲਕਸ਼ਦੀਪ ਦੇ ਟਾਪੂਆਂ ਤੇ ਸਫਰ ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ ਦੁਆਰਾ ਚਲਾਏ ਜਾਂਦੇ ਹਨ, ਜੋ ਨਿਮਨ ਅਨੁਸਾਰ ਹੋਵਗੇ :-

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਡੀਲਕਸ ਦਰਜਾ |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ/"ਏ" ਕੈਬਿਨ ਕਲਾਸ |
| III | ਰੁ: 5400/- ਤੋਂ ਰੁ: 7599/- ਤੱਕ | ਦੂਜਾ ਦਰਜਾ/" ਬੀ" ਕੈਬਿਨ ਕਲਾਸ |
| IV&V | ਰੁ: 5399/- ਅਤੇ ਉਸ ਤੋਂ ਘੱਟ | ਸਮੂਹ ਕਲਾਸ |

**ਹ) ਸੜਕ ਦੁਆਰਾ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I&II | ਰੁ: 7600/- ਅਤੇ ਇਸ ਤੋਂ ਵੱਧ | ਕਿਸੇ ਵੀ ਪਬਲਿਕ ਬੱਸ ਦਾ ਅਸਲ ਕਿਰਾਇਆ ਸਮੇਤ ਏਅਰ ਕੰਡੀਸ਼ਨਡ ਬੱਸ ਜਾਂ ਟਰਾਂਸਪੋਰਟ ਵਿਭਾਗ ਵਲੋਂ ਏ.ਸੀ ਟੈਕਸੀ/ਟੈਕਸੀ ਦੇ ਨਿਸ਼ਚਿਤ ਕੀਤੇ ਰੇਟਸ ( ਏ.ਸੀ.ਟੈਕਸੀ ਜਦੋਂ ਸਫਰ ਅਸਲ ਵਿੱਚ ਏ.ਸੀ.ਟੈਕਸੀ ਰਾਹੀ ਕੀਤਾ ਜਾਵੇ) ਰਾਹੀ ਸਫਰ ਜਦੋਂ ਥਾਵਾਂ ਰੇਲ ਨਾਲ ਨਾ ਜੁੜੀਆਂ ਹੋਈਆਂ ਹੋਣ ਅਤੇ ਸ਼ਰਤ ਇਹ ਹੋਵੇਗੀ ਕਿ ਬੱਸ ਰਾਹੀ ਸਫਰ ਹੱਕਦਾਰ ਦਰਜਾ ਜਾਂ ਅਸਲ ਟੈਕਸੀ ਦਾ ਦਿੱਤਾ ਕਿਰਾਇਆ ਜੋ ਵੀ ਘੱਟ ਹੋਵੇਗਾ, ਤੱਕ ਸੀਮਤ ਹੋਵੇਗਾ। |
| III | ਰੁ: 5400/- ਤੋਂ ਰੁ: 7599/- ਤੱਕ | ਜਿਵੇਂ ਕਿ ਉਪਰ (1) ਉਤੇ ਦਰਜ ਹੈ ਪਰ ਏ.ਸੀ.ਟੈਕਸੀ ਸਫਰ ਦੀ ਇਜਾਜ਼ਤ ਨਹੀ ਹੋਵੇਗੀ। |
| IV&V | ਰੁ: 5399/- ਅਤੇ ਉਸ ਤੋਂ ਘੱਟ | ਸਾਧਾਰਣ ਬੱਸ ਦਾ ਕਿਰਾਇਆ। |

ਨੋਟ: ਸਾਰੇ ਕੇਸਾਂ ਵਿੱਚ ਏ.ਸੀ.ਟੈਕਸੀ/ਟੈਕਸੀ ਜਾਂ ਆਟੋ ਰਿਕਸ਼ਾ ਰਾਹੀ ਸਫਰ ਕਰਕੇ, ਕਿਰਾਏ ਦੀ ਰਸੀਦ ਪੇਸ਼ ਕਰਨੀ ਜਰੂਰੀ ਹੋਵੇਗੀ।

ਫੈਮਲੀ ਦੀ ਪਰੀਭਾਸ਼ਾ

1) ਇਸ ਅਨੁਸਾਰ ਸਰਕਾਰੀ ਕਰਮਚਾਰੀ ਦੀ ਪਤਨੀ ਜਾਂ ਪਤੀ, ਜਿਸ ਤਰ੍ਹਾਂ ਦਾ ਵੀ ਕੇਸ ਹੋਵੇ ਅਤੇ ਦੋ ਅਣ-ਵਿਆਹੇ ਜੀਵਤ ਬੱਚੇ ਜਾਂ ਸਰਕਾਰੀ ਕਰਮਚਾਰੀ ਉਪਰ ਪੂਰਨ ਤੌਰ ਤੇ ਨਿਰਭਰ ਮਤਬੰਨੇ ਬੱਚੇ ਫੈਮਿਲੀ ਦਾ ਹਿੱਸਾ ਹੋਣਗੇ।

2) ਸ਼ਾਦੀ-ਸ਼ੁਦਾ ਲੜਕੀਆਂ, ਜਿਹੜੀਆਂ ਕਿ ਤਲਾਕ-ਸ਼ੁਦਾ, ਤਿਆਗੀਆਂ ਹੋਈਆਂ ਜਾਂ ਆਪਣੇ ਪਤੀਆਂ ਤੋਂ ਅਲੱਗ ਹੋਈਆਂ ਹੋਣ ਅਤੇ ਸਰਕਾਰੀ ਕਰਮਚਾਰੀ ਨਾਲ ਰਹਿੰਦੀਆਂ ਹੋਣ ਅਤੇ ਪੂਰੀ ਤਰ੍ਹਾਂ ਸਰਕਾਰੀ ਕਰਮਚਾਰੀ ਉਤੇ ਨਿਰਭਰ ਹੋਣ।

3) ਮਾਤਾ-ਪਿਤਾ ਜਾਂ ਮਤਰੇਏ ਮਾਤਾ-ਪਿਤਾ ਸਰਕਾਰੀ ਕਰਮਚਾਰੀ ਨਾਲ ਰਹਿੰਦੇ ਹੋਣ ਅਤੇ ਪੂਰੀ ਤਰ੍ਹਾਂ ਉਸਤੇ ਨਿਰਭਰ ਹੋਣ।

4) ਅਣ-ਵਿਆਹੇ ਨਾਬਾਲਗ ਭਰਾ ਅਤੇ ਅਣ-ਵਿਆਹੀਆਂ, ਤਲਾਕਸ਼ੁਦਾ, ਛੱਡੀਆਂ ਹੋਈਆਂ, ਆਪਣੇ ਪਤੀਆਂ ਤੋਂ ਵੱਖ ਹੋਈਆਂ ਜਾਂ ਵਿਧਵਾ ਭੈਣਾਂ ਜੋ ਸਰਕਾਰੀ ਕਰਮਚਾਰੀ ਨਾਲ ਰਹਿ ਰਹੀਆਂ ਹੋਣ ਅਤੇ ਉਸਤੇ ਪੂਰੀ ਤਰ੍ਹਾਂ ਨਿਰਭਰ ਹੋਣ। ਬਸ਼ਰਤੇ ਕਿ ਉਹਨਾਂ ਦੇ ਮਾਤਾ ਪਿਤਾ ਜਿਉਂਦੇ ਨਾ ਹੋਣ ਜਾਂ ਉਹ ਖੁਦ ਵੀ ਸਰਕਾਰੀ ਕਰਮਚਾਰੀ ਤੇ ਨਿਰਭਰ ਹੋਣ।

ਵਿਆਖਿਆ:-

ਕੇਵਲ ਦੋ ਜੀਵਤ ਬੱਚਿਆਂ ਜਾਂ ਮਤਬੰਨੇ ਬੱਚਿਆਂ ਦੀ ਐਲ.ਟੀ.ਸੀ. ਦੀ ਸੁਵਿਧਾ ਤੇ ਬੰਦਸ਼ ਉਨ੍ਹਾਂ ਉਤੇ ਲਾਗੂ ਨਹੀ ਹੋਵੇਗੀ:-

1) ਜਿਨ੍ਹਾਂ ਕਰਮਚਾਰੀਆਂ ਦੇ ਇਸ ਬੰਦਸ਼ ਦੇ ਲਾਗੂ ਹੋਣ ਤੋਂ ਪਹਿਲਾਂ ਜਿਵੇਂ ਕਿ 20-10-1997 ਤੋਂ ਪਹਿਲਾਂ ਹੀ ਦੋ ਤੋਂ ਵੱਧ ਬੱਚੇ ਹੋਣ।

2) ਇਹ ਬੰਦਸ਼ ਲਾਗੂ ਹੋਣ ਤੋਂ ਇਕ ਸਾਲ ਵਿੱਚ ਪੈਦਾ ਹੋਏ ਬੱਚੇ।

3) ਜਿਥੇ ਕਿ ਬੱਚਿਆਂ ਦੀ ਗਿਣਤੀ ਦੋ ਜਣੇਪੇ ਦੇ ਫਲਸਰੂਪ ਜਿਆਦਾ ਬੱਚੇ ਪੈਦਾ ਹੋਣ ਕਰਕੇ।

2. ਇਨ੍ਹਾਂ ਨਿਯਮਾਂ ਦੇ ਮਕਸਦ ਲਈ ਫੈਮਲੀ ਦੀ ਸਰਤ ਵਿੱਚ ਇਕ ਤੋਂ ਵੱਧ ਪਤਨੀ ਸ਼ਾਮਿਲ ਨਹੀ ਹੈ। ਫਿਰ ਵੀ ਜੇਕਰ ਸਰਕਾਰੀ ਕਰਮਚਾਰੀ ਦੀਆਂ ਕਾਨੂੰਨੀ ਤੌਰ ਤੇ ਦੋ ਪਤਨੀਆਂ ਹੋਣ ਅਤੇ ਦੂਜੀ ਸ਼ਾਦੀ ਸਰਕਾਰ ਦੀ ਖਾਸ ਆਗਿਆ ਨਾਲ ਹੋਵੇ ਤਾਂ ਦੂਜੀ ਪਤਨੀ ਵੀ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤੀ ਜਾਵੇਗੀ।

3. ਭਾਂਵੇ ਪਤੀ-ਪਤਨੀ ਅਤੇ ਬੱਚਿਆਂ ਲਈ ਸਰਕਾਰੀ ਕਰਮਚਾਰੀ ਨਾਲ ਰਹਿਣਾ ਜਰੂਰੀ ਨਹੀ ਤਾਂ ਜੋ ਉਹ ਐਲ.ਟੀ.ਸੀ. ਲਈ ਯੋਗ ਬਣ ਸਕਣ, ਪਰ ਉਹਨਾਂ ਦਾ ਐਲ.ਟੀ.ਸੀ.ਅਸਲ ਵਿੱਚ ਐਲ.ਟੀ.ਸੀ.ਦੀ ਯਾਤਰਾ ਕਰਨ ਤੱਕ ਸੀਮਤ ਹੋਵੇਗਾ ਜਾਂ ਹੈਡ ਕੁਆਰਟਰ/ਕਰਮਚਾਰੀ ਦੀ ਤਾਇਨਾਤੀ ਦੀ ਜਗ੍ਹਾਂ ਅਤੇ ਹੋਮ ਟਾਊਨ/ਜਾਣ ਦੀ ਜਗਾ ਵਿਚਕਾਰ ਫਾਸਲਾ, ਜਿਹੜਾ ਵੀ ਘੱਟ ਹੋਵੇ, ਅਨੁਸਾਰ ਹੋਵੇਗਾ।

4. ਤਲਾਕ ਸ਼ੁਦਾ, ਛੱਡੀਆਂ ਹੋਈਆਂ, ਪਤੀਆਂ ਤੋ ਵੱਖ ਕੀਤੀਆਂ ਜਾਂ ਵਿਧਵਾ ਭੈਣਾ ਦੇ ਬੱਚੇ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਨਹੀ ਹਨ।

5. ਪਰਿਵਾਰ ਦਾ ਕੋਈ ਮੈਂਬਰ, ਜਿਸਦੀ ਆਮਦਨ ਸਾਰੇ ਸਾਧਨਾ ਸਮੇਤ ਮੌਜੂਦਾ ਦਰਾਂ ਤੇ ਮਿਲਣਯੋਗ ਘੱਟੋ ਘੱਟ ਫੈਮਿਲੀ ਪੈਨਸ਼ਨ ਜੋ ਕਿ ਮੌਜੂਦਾ ਦਰਾਂ ਨਾਲ 3500/- ਰੁਪਏ ਜਮਾ ਮਹਿੰਗਾਈ ਭੱਤਾ ਪ੍ਰਤੀ ਮਹੀਨਾ ਹੈ. ਤੋਂ ਵਧ ਨਾ ਹੋਵੇ ਤਾਂ ਉਹ ਸਰਕਾਰੀ ਕਰਮਚਾਰੀ ਤੇ ਪੂਰਨ ਤੌਰ ਤੇ ਨਿਰਭਰ ਸਮਝਿਆ ਜਾਵੇਗਾ

6. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆ ਅਤੇ ਜੇਕਰ ਇਹਨਾਂ ਹਦਾਇਤਾਂ ਨਾਲ ਕਿਸੇ ਅਧਿਕਾਰੀ/ਕਰਮਚਾਰੀ ਦੀ ਹੱਕਦਾਰੀ ਪਹਿਲਾਂ ਜਾਰੀ ਹਦਾਇਤਾਂ ਨਾਲੋਂ ਘੱਟਦੀ ਹੈ ਤਾਂ ਉਸ ਦੀ ਹੱਕਦਾਰੀ ਘਟਾਈ ਨਹੀ ਜਾਵੇਗੀ ਅਤੇ ਉਹ ਪਹਿਲੀ ਹੱਕਦਾਰੀ ਅਨੁਸਾਰ ਹੀ ਦੋਨਾਂ ਵਿੱਚੋਂ ਉਚ ਹੱਕਦਾਰੀ ਦੇ ਹੱਕਦਾਰ ਰਹਿਣਗੇ।

7. ਇਹ ਹਦਾਇਤਾਂ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

8. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ: ਵਿ: ਪੱ: ਨੰ: 1/3/2012-3ਵਿਪ੍2/211462/1, ਮਿਤੀ 29-04-2014 ਰਾਂਹੀ ਦਿੱਤੀ ਸਲਾਹ ਦੇ ਆਧਾਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

(Sd/-)
ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

(Sd/-)
ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ

ਅੰ:ਵਿ:ਪੱ:ਨੰ:6/51/2009-1ਪੀਪੀ3/ 840794/1 ਮਿਤੀ,ਚੰਡੀਗੜ੍ਹ: 15-9-2016
ਪਿੱਠ ਅੰਕਣ ਨੰ:6/51/2009-1ਪੀਪੀ3/ 840794/2 ਮਿਤੀ,ਚੰਡੀਗੜ੍ਹ: 15-9-2016

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

(Sd/-)
ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ,ਪੰਜਾਬ( ਵਿੱਤ ਪ੍ਰਸੋਨਲ 2 ਸ਼ਾਖਾ) ਨੂੰ ਉਨ੍ਹਾਂ ਦੇ ਅੰ: ਵਿ: ਪੱ: ਨੰ: 1/3/2012-3ਵਿਪ੍2/211462/1 ਮਿਤੀ 29-04-2014 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(Sd/-)
ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਵਿੱਤ ਵਿਭਾਗ,ਪੰਜਾਬ
(ਵਿੱਤ ਪ੍ਰਸੋਨਲ -2 ਸ਼ਾਖਾ)

ਅੰ:ਵਿ:ਪੱ:ਨੰ:6/51/2009-1ਪੀਪੀ3/ ੮੪੦੭੯੪/੩ ਮਿਤੀ,ਚੰਡੀਗੜ੍ਹ: 15-9-2016

-6- [redacted]

320

# OFFICE OF EXCISE AND TAXATION DEPARTMENT

Excise and Taxation Bhawan, Sector-69, Mohali.

To

All Administrative Secretaries,
Heads of Department,
Commissioners of Divisions,
All the Deputy Commissioners in the State.
All the Managing Directors of Boards and Corporations of Punjab.
Registrar, Punjab and Haryana High Court, Chandigarh.
All District and Session Judges of the State.

GST No. 503 – 1098 Dated 12/6/18

**Subject:-** **Regarding the deposition of tax under The Punjab Development of State Tax, 2018.**

As you are aware that The Punjab Development of State Tax, 2018 was notified on 19th April, 2018 vide Notification No. 10-Leg./ 2018. The copy of the Act is available at the official site of Punjab Government i.e (*esarkaar.punjab.gov.in.*)

According to section 4(3) of the said Act tax @ Rs. 200/-per month shall be levied on the persons who are income tax payees. Section 4(3) of the said Act is reproduced hereunder:-

*"(3) The tax under this Act shall be levied on the persons in the categories mentioned in the Schedule only if they are income tax*

321

*payees i.e. the tax, for any particular financial year, shall be payable under this Act only by those persons whose taxable income for the same financial year, before allowing deduction on account of tax levied under this Act, exceeds the maximum amount which is not chargeable to Income Tax by the amount of tax payable by him under this Act for that year:*

You are requested to direct all the drawing and disbursing officers (DDOs) under your jurisdiction to deduct the due amount of tax under the said Act from the salaries/wages payable to the employees every month and deposit the same in Head 0028 – Other Taxes and Expenditure -00-107 Taxes on Professions , Trade, Callings and Employment- 01- Receipt under Punjab State Development Tax Act, 2018.

**Excise and Taxation Commissioner, Punjab**

No. ................ **Dated ............**

A copy is forwarded to the Principal Secretary (Finance), Punjab to kindly reiterate the similar instructions to the Departments.

**Excise and Taxation Commissioner, Punjab**